## 4

# ਪ੍ਰਚਾਰਕ

ਮੈਂ ਪ੍ਰਚਾਰਕਾਂ ਤੋਂ ਬਹੁਤ ਉਮੀਦ ਅਤੇ ਮੰਗ ਕਰਦਾ ਹਾਂ। ਇਹ ਬਾਈਬਲ ਦੇ ਮੁਤਾਬਕ ਵੀ ਹੈ, ਕਿਉਂਕਿ '' ... ਜਿਸਨੂੰ ਬਹੁਤਾ ਦਿੱਤਾ ਗਿਆ ਹੈ, ਉਸ ਤੋਂ ਬਹੁਤਾ ਮੰਗਿਆ ਜਾਵੇਗਾ, ...'' (ਲੂਕਾ 12:48)। ''ਪ੍ਰਚਾਰਕ ਦਾ ਸਭ ਤੋਂ ਮੁੱਖ ਕੰਮ ਕੀ ਹੈ?'' ਇਹ ਸਵਾਲ ਪੁਲਪਿਟਾਂ ਤੋਂ, ਕਾਲਜ ਦੀਆਂ ਜਮਾਤਾਂ ਵਿਚ ਅਤੇ ਪ੍ਰਚਾਰਕਾਂ ਦੇ ਜਲਸਿਆਂ ਵਿਚ ਉਠਾਇਆ ਜਾਣਾ ਬੜਾ ਲਾਜ਼ਮੀ ਹੈ। ਤੁਸੀਂ ਇਸ ਦਾ ਜਵਾਬ ਕਿਵੇਂ ਦਿਓਗੇ? ਅਧਿਐਨ ਕਰਨਾ? ਪ੍ਰਚਾਰ ਕਰਨਾ? ਸਿਖਾਉਣਾ? ਲੋਕਾਂ ਕੋਲ ਜਾਣਾ? ਰੂਹਾਂ ਬਚਾਉਣਾ? ਪਰਉਪਕਾਰ ਦਾ ਕੰਮ ਕਰਨਾ? ਲੋਕਾਂ ਨਾਲ ਰਿਸ਼ਤੇ ਬਣਾਈ ਰੱਖਣਾ? ਪ੍ਰਚਾਰਕ ਦਾ ਸਭ ਤੋਂ ਅਹਿਮ ਕੰਮ ਕੀ ਹੈ? ਬਾਈਬਲ ਮੁਤਾਬਕ ਇਸ ਦਾ ਜਵਾਬ *ਦੁਆ* ਹੀ ਹੈ। ਯਿਸੂ ਨੇ ਕਿਸੇ ਸੇਵਕਾਈ ਦੀ ਸ਼ੁਰੂਆਤ ਬਿਨਾਂ ਦੁਆ ਦੇ ਨਹੀਂ ਕੀਤੀ। ਪਿੰਤੇਕੁਸਤ (ਰਸੂਲਾਂ ਦੇ ਕੰਮ 2) ਦਾ ਦਿਨ (ਰਸੂਲਾਂ ਦੇ ਕੰਮ 1 ਅਧਿਆਇ) ਦੁਆ ਦਾ ਹੀ ਨਤੀਜਾ ਸੀ। ਬਾਈਬਲ ਦੀ ਉਦਾਹਰਣ ਰਸੂਲਾਂ ਦੇ ਕੰਮ 6:4 ਵਿਚ ਹੈ: ''ਪਰ ਅਸੀਂ ਪ੍ਰਾਰਥਨਾ ਵਿਚ ਅਰ ਵਚਨ ਦੀ ਸੇਵਾ ਵਿਚ ਲੱਗੇ ਰਹਾਂਗੇ।'' ਰਸੂਲਾਂ ਦੀ ਨਜ਼ਰ ਵਿਚ ਦੁਆ ਨੂੰ ਪੁਲਪਿਟ ਨਾਲੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਸੀ। ਆਪਣੇ ਵਿਦਾਈ ਸੰਦੇਸ਼ (ਯੂਹੰਨਾ 14–16) ਵਿਚ ਯਿਸੂ ਨੇ ਦੁਆ ਅਤੇ ਪਵਿੱਤਰ ਆਤਮਾ ਉੱਤੇ ਧਿਆਨ ਦੁਆਉਂਦੇ ਹੋਏ ਵਿਸ਼ਵਾਸ ਤੇ ਜ਼ੋਰ ਦਿੱਤਾ ਸੀ। ਬਾਰ੍ਹਾਂ ਚੇਲਿਆਂ ਨੂੰ ਯਿਸੂ ਦੇ ਦੋ ਵੱਡੇ ਵਾਅਦੇ ਦੁਆ ਅਤੇ ਪਵਿੱਤਰ ਆਤਮਾ ਹੀ ਸਨ! ਇਸ ਵਿਚ ਸਾਡੀ ਸ਼ਕਤੀ ਹੈ, ਪਰ ਅਸੀਂ ਦੁਆ ਕਰਨ ਵਿਚ ਨਾਕਾਮ ਰਹਿੰਦੇ ਹਾਂ! ਕਲੀਸੀਆ ਨੂੰ ਖ਼ੁਦਾ ਹੀ ਬਣਾ ਸਕਦਾ ਹੈ। ਖ਼ੁਦਾ ਦੀ ਕਲੀਸੀਆ ਨੂੰ ਮਨੁੱਖ ਰਾਹੀਂ ਜਾਂ ਮਨੁੱਖ ਉੱਤੇ ਨਹੀਂ ਬਣਾਇਆ ਜਾ ਸਕਦਾ! ਦੁਆ ਦਾ ਅਰਥ ਖ਼ੁਦਾ ਨੂੰ ਸਾਡੀਆਂ ਯੋਜਨਾਵਾਂ ਨੂੰ ਬਰਕਤ ਦੇਣ ਲਈ ਕਹਿਣਾ ਨਹੀਂ ਹੈ। ਦੁਆ ਦੀ ਘਾਟ ਬਹੁਤ ਸਾਰੀਆਂ ਕਲੀਸੀਆਵਾਂ ਦੀ ਕਮਜ਼ੋਰੀ ਹਨ! ਅੱਜ ਕਲੀਸੀਆ ਦੀ ਸਭ ਤੋਂ ਵੱਡੀ ਲੋੜ ਨਵਾਂਪਣ, ਗੁਣ ਜਾਂ ਨਵੇਂ ਵਿਚਾਰ ਨਹੀਂ, ਬਲਕਿ ਦੁਆ ਹੈ! ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਆਪਣੇ ਮੇਜ਼ ਤੇ ''ਪਹਿਲਾਂ ਦੁਆ ਕਰੋ'' ਲਿਖ ਕੇ ਰੱਖ ਲੈਣ।

ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਰੇ ਪ੍ਰਚਾਰਕ ਜਾਂ ਤਾਂ ਦੁਆ ਬਹੁਤ ਘੱਟ ਕਰਦੇ ਹਨ ਜਾਂ ਕਰਦੇ ਹੀ ਨਹੀਂ। ਖ਼ੁਦਾ ਬਾਰੇ ਲੋਕਾਂ ਨਾਲ ਗੱਲ ਕਰਨ ਤੋਂ ਪਹਿਲਾਂ ਚਾਹੀਦਾ ਹੈ ਕਿ ਅਸੀਂ ਆਪ ਪਹਿਲਾਂ ਖ਼ੁਦਾ ਨਾਲ ਗੱਲ ਕਰ ਲਈਏ। ਬਿਲੀ ਗ੍ਰਾਹਮ ਨੇ ਮੰਨਿਆ, ''ਮੈਂ ਪ੍ਰਚਾਰ ਤਾਂ ਬਹੁਤ ਕੀਤਾ ਹੈ ਪਰ ਅਧਿਐਨ ਬਹੁਤ ਘੱਟ।'' ਮੈਂ ਇਸਦੇ ਨਾਲ ਜੋੜਦਾ ਹਾਂ, ''ਮੈਂ ਪ੍ਰਚਾਰ ਤਾਂ ਬਹੁਤ ਕੀਤਾ ਹੈ ਪਰ ਦੁਆ ਬਹੁਤ ਘੱਟ।'' ਵਿਸ਼ਵਾਸੀ ਲੋਕ ਅਕਸਰ ਦੁਆ ਕਰਦੇ ਹਨ ਕਿ ''ਪ੍ਰਚਾਰਕ ਨੂੰ ਸਮਝ ਦੇ ਕਿ ਉਹ ਜੋ ਵੀ ਬੋਲੇ, ਤੇਰੀ ਮਰਜ਼ੀ ਦੇ ਮੁਤਾਬਕ ਹੋਵੇ।'' ਪਰ ਪ੍ਰਚਾਰਕਾਂ ਨੂੰ ਇਸ ਨਾਲੋਂ ਵੱਧ ਦੀ ਲੋੜ ਹੈ। ਦੁੱਖ ਦੀ ਗੱਲ ਹੈ ਕਿ ਬਹੁਤ ਸਾਰੇ ਪ੍ਰਚਾਰਕ ਪੜ੍ਹਦੇ ਨਹੀਂ, ਬਾਈਬਲ ਦਾ ਅਧਿਐਨ ਨਹੀਂ ਕਰਦੇ, ਅਤੇ ਵਿਚਾਰ ਨਹੀਂ ਕਰਦੇ! ਅਜਿਹੇ ਲੋਕਾਂ ਦੀ ਮਦਦ ਦੁਆ ਨਾਲ ਵੀ ਨਹੀਂ ਹੋ ਸਕਦੀ। ''ਵਚਨ ਦੇ ਅੰਦਰ'' ਬਣੇ ਰਹਿਣ ਵਾਲੇ ਪ੍ਰਚਾਰਕ ਦੁਆ ਜ਼ਰੂਰ ਕਰਦੇ ਹਨ। ਸਾਨੂੰ ਦੁਆ ਨੂੰ ਬਾਈਬਲ ਕਲਾਸ ਨਾਲੋਂ ਵੱਖ ਨਹੀਂ ਕਰਨਾ ਚਾਹੀਦਾ। ਆਦਮੀ ਓਨਾ ਹੀ ਉੱਚਾ ਹੈ, ਜਿੰਨਾਂ ਉਹ ਆਪਣੇ ਗੋਡਿਆਂ ਭਾਰ ਹੈ। ਦੁੱਖ ਦੀ ਗੱਲ ਹੈ ਕਿ ਪ੍ਰਚਾਰਕ ਰੋਜ਼ੇ ਦੀ ਬਜਾਇ ਸਮਾਜਿਕ ਪ੍ਰੋਗਰਾਮਾਂ, ਬੰਦਗੀ ਦੀ ਬਜਾਇ ਮਨੋਰੰਜਨ ਅਤੇ ਦੁਆ ਕਰਨ ਦੀ ਬਜਾਇ ਪ੍ਰਚਾਰ ਨੂੰ ਤਰਜੀਹ ਦਿੰਦੇ ਹਨ। ਪ੍ਰਚਾਰ ਕਰਨ ਦੀ ਸ਼ਕਤੀ ਦਾ ਪਤਾ ਪ੍ਰਚਾਰ ਕਰਨ ਤੋਂ ਪਹਿਲਾਂ ਕੀਤੀ ਗਈ ਦੁਆ ਤੋਂ ਲਗਦਾ ਹੈ।

ਕਲੀਸੀਆਵਾਂ ਕਈ ਵਾਰ ਪ੍ਰਚਾਰਕਾਂ ਦੀ ਤਲਾਸ਼ ਵਿਚ ਹੁੰਦੀਆਂ ਹਨ। ''ਇੰਟਰਵਿਊ'' ਵਿਚ ਮੈਥੋਂ ਹਰ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ ਹਨ। ਇਹ ਸਮਝਦਾਰੀ ਵਾਲਾ ਅਤੇ ਵਧੀਆ ਕੰਮ ਹੈ। ਮੈਂ ਕਿਸੇ ਵੀ ਸਵਾਲ ਦਾ ਭਾਵੇਂ ਉਹ ਸਮਝਦਾਰੀ ਵਾਲਾ ਹੋਵੇ ਜਾਂ ਮੂਰਖਤਾ ਭਰਿਆ, ਈਮਾਨਦਾਰੀ ਨਾਲ ਜਵਾਬ ਦੇਣ ਲਈ ਤਿਆਰ ਹਾਂ। ਮੈਥੋਂ ਕਦੇ ਕਿਸੇ ਨੇ ਨਹੀਂ ਪੁੱਛਿਆ ਕਿ ''ਭਾਈ ਹੌਜ, ਦੁਆ ਦੀ ਤੁਹਾਡੀ ਜ਼ਿੰਦਗੀ ਕਿਹੋ ਜਿਹੀ ਹੈ?'' ਅਸੀਂ ਖੂਬੀ, ਸ਼ਖ਼ਸੀਅਤ ਅਤੇ ਸੇਲਜ਼ਮੈਨਸ਼ਿਪ ਨੂੰ ਵੇਖਦੇ ਹਾਂ; ਜਦ ਕਿ ਲੋੜ ਸਾਨੂੰ ਅਜਿਹੇ ਲੋਕਾਂ ਦੀ ਹੈ ਜਿਹੜੇ ਦੁਆ ਕਰਨ ਵਾਲੇ ਹੋਣ। ਕਿਸੇ ਤਰ੍ਹਾਂ ਦੀ ਵੱਡੀ ਜਾਗ੍ਰਿਤੀ ਸਿਰਫ਼ ਦੁਆ ਨਾਲ ਆ ਸਕਦੀ ਹੈ। ਕੀ ਤੁਸੀਂ ਦੁਆ ਕਰਦੇ ਹੋ? ਕੀ ਤੁਸੀਂ ਉਦੋਂ ਤਕ ਦੁਆ ਕਰੋਗੇ ਜਦ ਤਕ ਤੁਸੀਂ ਸਚਮੁਚ ਵਿਚ ਦੁਆ ਨਾ ਕਰਨ ਲੱਗ ਪਓ? ਖ਼ੁਦਾ ਦੁਆ ਦੇ ਜਵਾਬ ਵਿਚ ਕੰਮ ਕਰਦਾ ਹੈ।

ਜਦ ਭਾਈ ਮੇਰੇ ਲਈ ਦੁਆ ਕਰਦੇ ਹਨ ਤਾਂ ਉਹ ਮੇਰੇ ਵਿਚ ਭਰੋਸਾ ਰੱਖਦੇ ਹਨ ਅਤੇ ਮੇਰੇ ਨਾਲ ਪਿਆਰ ਕਰਨ ਕਰਕੇ ਉਹ ਮੇਰੇ ਲਈ ਦੁਆ ਕਰਦੇ ਹਨ। ਸੇਵਕਾਈ ਵਿਚ ਮੇਰੀ ਤਰਜੀਹ ਦੁਆ ਹੈ। ਮੈਂ ਹਰ ਰੋਜ਼ ਕਲੀਸੀਆ ਲਈ, ਮੈਂਬਰਾਂ ਲਈ, ਕਲੀਸੀਆ ਲਈ, ਸੇਵਕਾਈ ਲਈ ਅਤੇ ਆਉਣ ਵਾਲੇ ਮਸਲਿਆਂ ਲਈ ਦੁਆ ਕਰਦਾ ਹਾਂ। ਕਈ ਸਾਲਾਂ ਤੋਂ ਸ਼ਨੀਵਾਰ ਨੂੰ ਪ੍ਰਾਰਥਨਾ ਭਵਨ ਵਿਚ ਬੈਂਚਾਂ ਦੇ ਕੋਲ ਦੀ ਲੰਘਦਿਆਂ ਉਨ੍ਹਾਂ ਉੱਤੇ ਬੈਠਣ ਵਾਲੇ ਇਕ ਇਕ ਮੈਂਬਰ ਨੂੰ ਯਾਦ ਕਰ ਕੇ ਮੈਂ ਦੁਆ ਕਰਦਾ ਹਾਂ। ਪ੍ਰਚਾਰਕ ਦੀ ਸੇਵਕਾਈ ਵਿਚ ਦੁਆ ਹੀ ਸਭ ਤੋਂ ਅਹਿਮ ਅਤੇ ਤਰਜੀਹ ਵਾਲੀ ਹੋਣੀ ਚਾਹੀਦੀ ਹੈ। ਮੂਸਾ ਨੇ ਇਸਰਾਏਲ ਲਈ ਦੁਆ ਕੀਤੀ ਸੀ। ਪੌਲੁਸ ਕਲੀਸੀਆ ਲਈ ਦੁਆ ਕਰਦਾ ਸੀ। ਸਮੂਏਲ ਕਹਿੰਦਾ ਹੈ, '' ... ਮੈਥੋਂ ਅਜਿਹਾ ਨਾ ਹੋਵੇ ਜੋ ਮੈਂ ਤੁਹਾਡੇ ਲਈ ਬੇਨਤੀ ਕਰਨੀ ਛੱਡ ਕੇ ਯਹੋਵਾਹ ਦਾ ਪਾਪੀ ਬਣਾਂ ਸਗੋਂ ਮੈਂ ਤੁਹਾਨੂੰ ਉਹ ਰਾਹ ਦੱਸਾਂਗਾ ਜੋ ਚੰਗਾ ਅਤੇ ਸਿੱਧਾ ਹੈ'' (1 ਸਮੂਏਲ 12:23)।

ਬਹੁਤ ਸਾਰੇ ਲੋਕਾਂ ਨੂੰ ਪਤਾ ਹੈ ਕਿ ਪ੍ਰਚਾਰਕਾਂ ਲਈ ਕਈ ਵਾਰ ਨਬੀਆਂ ਵਰਗੇ ਭਾਵ ਖ਼ੁਦਾ ਦੇ ਕਲਾਮ ਦੀ ਗਰਜ ਸੁਣਾਉਣ ਵਾਲੇ ਬਣਨਾ ਜ਼ਰੂਰੀ ਹੈ। ਬਹੁਤ ਸਾਰੇ ਲੋਕ ਭੁੱਲ ਜਾਂਦੇ ਹਨ ਕਿ ਪ੍ਰਚਾਰਕ ਕਦੇ ਕਦੇ ਯਾਜਕਾਂ ਦੇ ਰੂਪ ਵਿਚ ਕੰਮ ਕਰਦੇ ਹਨ, ਭਾਵ ਭੇਡਾਂ ਦੀ ਖ਼ਾਤਰ ਖ਼ੁਦਾ ਅੱਗੇ ਗਿੜਗੜਾਉਣਾ। ਪ੍ਰਚਾਰਕਾਂ ਲਈ ਨਬੀ ਬਣਨ ਤੋਂ ਪਹਿਲਾਂ ਜਾਜਕਾਂ ਦੇ ਰੂਪ ਵਿਚ ਕੰਮ ਕਰਨਾ ਜ਼ਰੂਰੀ ਹੈ। ਸਾਨੂੰ ਭੇਡਾਂ ਲਈ ਹੀ ਨਹੀਂ, ਬੱਕਰੀਆਂ ਲਈ ਵੀ ਦੁਆ ਕਰਨੀ ਜ਼ਰੂਰੀ ਹੈ! ਖ਼ੁਦਾ ਦੇ ਪ੍ਰਚਾਰਕ ਨੂੰ ਪਵਿੱਤਰ ਹੋਣਾ ਚਾਹੀਦਾ ਹੈ। ਕਲੀਸੀਆ ਲਈ ਇਹ ਉਸ ਦੀ ਪਹਿਲੀ ਜ਼ਿੰਮੇਵਾਰੀ ਹੈ। ਉਹ (ਚਰਿੱਤਰ ਵਿਚ) ਖ਼ੁਦਾ ਦਾ ਬੰਦਾ ਹੋਵੇ। ਉਸ ਦਾ ਸਭ ਤੋਂ ਅਹਿਮ ਕੰਮ ਦੁਆ ਕਰਨਾ ਹੈ। ਤਦੇ ਹੀ ਕਲੀਸੀਆ ਨੂੰ ਖ਼ੁਦਾ ਦੇ ਬੰਦੇ ਤੋਂ ਖ਼ੁਦਾ ਦਾ ਸੰਦੇਸ਼ ਮਿਲੇਗਾ।